ਪੰਜਾਬ ਸਰਕਾਰ, ਵਿੱਤ ਵਿਭਾਗ
ਪ੍ਰਮੁੱਖ ਲੇਖਾ ਦਫ਼ਤਰ (ਨਵੀਂ ਪੈਨਸ਼ਨ ਸਕੀਮ)
ਵਣ ਭਵਣ, ਟਾਵਰ ਨੰ: 4, 6ਵੀਂ ਮੰਜਿਲ,
ਸੈਕਟਰ-68, ਐਸ.ਏ.ਐਸ. ਨਗਰ,
ਫੋਨ: 0172-2298087

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ,
ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ।

ਨੰ: ਡਾਟਾ ਬੇਸ ਸੈੱਲ/2016/
ਮਿਤੀ:

ਵਿਸ਼ਾ: - ਵਿਭਾਗਾਂ/ਦਫ਼ਤਰਾਂ ਵਿਚ Human Resources Management System (HRMS) ਲਾਗੂ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਵਿਭਾਗਾਂ ਨੂੰ ਦਰਸਾਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੱਦੇਨਜਰ ਸਮੂਹ ਵਿਭਾਗਾਂ/ਦਫ਼ਤਰਾਂ ਵਿਚ HRMS ਸਿਸਟਮ ਲਾਗੂ ਕੀਤਾ ਜਾਣਾ ਹੈ, ਜਿਸ ਤਹਿਤ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਕਰਮਚਾਰੀਆਂ/ਅਧਿਕਾਰੀਆਂ ਦਾ ਸਰਵਿਸ ਰਿਕਾਰਡ NIC ਵੱਲੋਂ ਬਣਾਏ ਗਏ ਸੌਫਟਵੇਅਰ 'ਮਾਨਵ ਸੰਪਦਾ' ਵਿਚ ਫੀਡ ਕੀਤਾ ਜਾਣਾ ਹੈ। ਇਸ ਸਬੰਧ ਵਿਚ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੀਆਂ ਸਬੰਧਤ ਟੁੱਕਾਂ ਅਤੇ ਇਸ ਬਾਰੇ ਸੰਖੇਪ ਨੋਟ ਨਾਲ ਨੱਥੀ ਕੀਤਾ ਜਾਂਦਾ ਹੈ। ਵਿੱਤ ਵਿਭਾਗ ਵੱਲੋਂ ਇਹ ਪ੍ਰਾਜੈਕਟ ਗਵਰਨੈਂਸ ਰਿਫਾਰਮਸ ਵਿਭਾਗ ਨੂੰ ਸੌਂਪਿਆ ਗਿਆ ਹੈ, ਜਿਨ੍ਹਾਂ ਵੱਲੋਂ ਇਹ NIC ਰਾਹੀਂ ਲਾਗੂ ਕੀਤਾ ਜਾ ਰਿਹਾ ਹੈ।

2. ਇਸ ਪ੍ਰੋਜੈਕਟ ਤੇ ਇਸ ਸਮੇਂ ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਸਿੱਖਿਆ ਵਿਭਾਗ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਖੇਤੀਬਾੜੀ, ਆਬਕਾਰੀ ਤੇ ਕਰ, ਉਦਯੋਗ ਤੇ ਕਾਮਰਸ, ਖਜ਼ਾਨੇ ਤੇ ਲੇਖਾ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਵੱਲੋਂ ਆਪਣਾ-ਆਪਣਾ ਸਰਵਿਸ ਰਿਕਾਰਡ ਕੰਪਿਊਟਰਾਈਜ ਕੀਤਾ ਜਾ ਰਿਹਾ ਹੈ, ਜਦੋਂ ਕਿ ਵਿੱਤ ਵਿਭਾਗ ਵੱਲੋਂ ਰਾਜ ਦੇ ਸਾਰੇ ਦਫ਼ਤਰਾਂ/ਵਿਭਾਗਾਂ ਸਬੰਧੀ ਇਹ ਕੰਮ ਮੁਕੰਮਲ ਕਰਨ ਲਈ 31.10.2016 ਦਾ ਟੀਚਾ ਮਿੱਥਿਆ ਗਿਆ ਹੈ। ਉਪਰੋਕਤ ਵਿਭਾਗਾਂ ਵੱਲੋਂ ਆਪਣੇ-ਆਪਣੇ ਨੋਡਲ ਨਿਯੁਕਤ ਕੀਤੇ ਜਾ ਚੁੱਕੇ ਹਨ ਅਤੇ ਉਹਨਾਂ ਦੀ ਪਹਿਲੇ ਚਰਨ ਦੀ ਟ੍ਰੇਨਿੰਗ ਮੁਕੰਮਲ ਹੋ ਚੁੱਕੀ ਹੈ। ਦੂਸਰੇ ਚਰਨ ਵਿਚ ਮਾਸਟਰ ਟ੍ਰੇਨਰਜ਼ ਨੂੰ ਸਿਖਲਾਈ ਦਿੱਤੀ ਜਾਣੀ ਹੈ, ਜਿਨ੍ਹਾਂ ਵੱਲੋਂ ਆਪਣੇ-ਆਪਣੇ ਵਿਭਾਗਾਂ ਵਿਚ ਇਹ ਕੰਮ ਮੁਕੰਮਲ ਕਰਵਾਇਆ ਜਾਣਾ ਹੈ।

3. ਉਪਰੋਕਤ ਦੇ ਸਨਮੁੱਖ ਸਮੂਹ ਵਿਭਾਗੀ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਵਿਭਾਗ ਪੈਰ੍ਹਾਂ-2 ਵਿਚ ਦਰਸਾਏ ਵਿਭਾਗਾਂ ਦੀ ਤਰਜ ਤੇ HRMS ਪ੍ਰੋਜੈਕਟ ਨੂੰ ਲਾਗੂ ਕਰਨ ਲਈ ਵਿਭਾਗੀ ਨੋਡਲ ਅਫਸਰ ਨਿਯੁਕਤ ਕਰਦੇ ਹੋਏ ਇਸ ਦੀ ਸੂਚਨਾ ਪ੍ਰਬੰਧਕੀ ਸੁਧਾਰ ਵਿਭਾਗ, ਐਨ.ਆਈ.ਸੀ. ਅਤੇ ਇਸ ਵਿਭਾਗ ਨੂੰ ਭੇਜੀ ਜਾਵੇ, NIC ਨਾਲ ਤਾਲਮੇਲ ਕਰਕੇ ਟ੍ਰੇਨਿੰਗ ਮੁਕੰਮਲ ਕਰਵਾਈ ਜਾਵੇ ਅਤੇ ਉਹਨਾਂ ਦੇ ਅਧੀਨ ਆਉਂਦੇ ਕਰਮਚਾਰੀਆਂ/ਅਧਿਕਾਰੀਆਂ ਦਾ ਸਰਵਿਸ ਰਿਕਾਰਡ 'ਮਾਨਵ ਸੰਪਦਾ' ਸਾਫਟਵੇਅਰ ਵਿਚ ਵਿੱਤ ਵਿਭਾਗ ਵੱਲੋਂ ਮਿੱਥੇ ਸਮੇਂ ਤੱਕ ਮੁਕੰਮਲ ਕਰਾਉਣ ਲਈ ਉਚੇਚੇ ਪ੍ਰਬੰਧ ਕਰਨ।

4. ਇਸ ਮਾਮਲੇ ਤੇ ਹੋਰ ਕਿਸੇ ਜਾਣਕਾਰੀ ਲਈ ਪ੍ਰਬੰਧਕੀ ਸੁਧਾਰ ਵਿਭਾਗ, ਐਨ.ਆਈ.ਸੀ. ਅਤੇ ਇਸ ਵਿਭਾਗ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਵਧੀਕ ਮੁੱਖ ਸਕੱਤਰ,
ਵਿੱਤ ਵਿਭਾਗ।

ਪਿ.ਅੰ. ਨੰ: ਡਾਟਾ ਬੇਸ ਸੈੱਲ/2016/ 82 ਮਿਤੀ: 18.5.2016

ਇਸ ਦਾ ਇੱਕ ਉਤਾਰਾ:-

1. ਡਾਇਰੈਕਟਰ, ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ;
2. ਡਿਪਟੀ ਡਾਇਰੈਕਟਰ ਜਨਰਲ, ਐਨ.ਆਈ.ਸੀ., ਪੰਜਾਬ ਸਟੇਟ ਯੂਨਿਟ, ਸੈਕਟਰ-34 ਨੂੰ ਉਹਨਾਂ ਦੀ ਈਮੇਲ ਮਿਤੀ 5.05.2016 ਅਤੇ 6.05.2016 ਦੇ ਹਵਾਲੇ ਵਿਚ

ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

18/5/16

ਵਿਸ਼ੇਸ਼ ਸਕੱਤਰ ਵਿੱਤ ਕਮ ਡਾਇਰੈਕਟਰ,
ਖਜ਼ਾਨਾ ਤੇ ਲੇਖਾ, ਵਿੱਤ ਵਿਭਾਗ, ਪੰਜਾਬ।